BRAMPTON Flower City
brampton.ca

**media release**

15 ਜੂਨ, 2018

## ਨੈਸ਼ਨਲ ਇੰਡੀਜੀਨਸ ਪੀਪਲਸ ਡੇ ਦਾ ਜਸ਼ਨ
## ਵੀਰਵਾਰ, 21 ਜੂਨ · ਗਾਰਡਨ ਸਕਵੇਅਰ

ਬ੍ਰੈਂਪਟਨ, ਓਨਟੈਰੀਓ: ਫਸਟ ਨੇਸ਼ਨਸ (First Nations), ਇਨਉਟ (Inuit) ਅਤੇ ਮੈਟਿਸ (Métis) ਦੇ ਵਿਰਸੇ, ਵੰਨ-ਸੁਵੰਨੇ ਸੱਭਿਆਚਾਰਾਂ ਅਤੇ ਸ਼ਾਨਦਾਰ ਉਪਲਬਧੀਆਂ ਦਾ ਜਸ਼ਨ ਮਨਾਓ, ਜਦਕਿ ਸਿਟੀ ਆਫ ਬ੍ਰੈਂਪਟਨ (City of Brampton) ਨੇ ਗਾਰਡਨ ਸਕਵੇਅਰ (Garden Square), ਡਾਉਨਟਾਉਨ ਬ੍ਰੈਂਪਟਨ ਵਿੱਚ ਇਸ ਖ਼ਾਸ ਦਿਨ ਦਾ ਜਸ਼ਨ ਮਨਾਉਣ ਲਈ ਪੀਲ ਅਬਓਰਿਜਿਨਲ ਨੈੱਟਵਰਕ (Peel Aboriginal Network) ਦੇ ਨਾਲ ਭਾਈਵਾਲੀ ਕੀਤੀ ਹੈ।

ਬ੍ਰੈਂਪਟਨ ਦੇ ਨੈਸ਼ਨਲ ਇੰਡੀਜੀਨਸ ਪੀਪਲਸ ਡੇ (National Indigenous Peoples Day) ਦੇ ਜਸ਼ਨਾਂ ਵਿੱਚ ਪ੍ਰਦਰਸ਼ਨ, ਡਾਂਸ, ਆਤਮਾਵਾਂ ਨਾਲ ਸਬੰਧਿਤ ਸਿੱਖਿਆਵਾਂ, ਅਤੇ ਕੁਝ ਸਿੱਖਿਆ ਸਬੰਧੀ ਅੰਸ਼ ਸ਼ਾਮਲ ਹੋਣਗੇ। ਇਹ ਦਿਨ ਪੀਲ ਰੀਜਨ (Peel Region) ਵਿੱਚ ਸੁਦੇਸ਼ੀ ਲੋਕਾਂ ਦੇ ਸੰਪੰਨ ਇਤਿਹਾਸ ਨੂੰ ਉਜਾਗਰ ਕਰੇਗਾ ਅਤੇ ਸਾਡੇ ਭਾਈਚਾਰੇ ਦੇ ਅੰਦਰ ਸਮਝ ਦਾ ਨਿਰਮਾਣ ਕਰੇਗਾ। ਸਮਾਰੋਹ ਦੀ ਸ਼ੁਰੂਆਤ, ਪੁਰਸ਼ਾਂ ਅਤੇ ਮਹਿਲਾਵਾਂ ਦੇ ਪਰੰਪਰਿਕ ਅਤੇ ਸਮਕਾਲੀ ਡਾਂਸ, ਲਾਈਵ ਸੰਗੀਤ, ਦਿਲਚਸਪ ਚੀਜ਼ਾਂ ਦੇ ਪਾਠਾਂ ਅਤੇ ਇਹਨਾਂ ਜਸ਼ਨਾਂ ਦਾ ਹਿੱਸਾ ਬਣਨ ਦੇ ਮੌਕੇ ਦਾ ਅਨੰਦ ਮਾਣੋ।

**ਹਵਾਲਾ:**

"ਸਿਟੀ ਆਫ ਬ੍ਰੈਂਪਟਨ (City of Brampton) ਨੂੰ ਇਸ ਦਿਨ ਪੀਲ ਅਬਓਰਿਜਿਨਲ ਨੈੱਟਵਰਕ (Peel Aboriginal Network) ਦੇ ਨਾਲ ਭਾਈਵਾਲੀ ਕਰਨ 'ਤੇ ਮਾਣ ਹੈ। ਹੁਣ, ਇਹ ਜਸ਼ਨ ਸੁਦੇਸ਼ੀ ਇਤਿਹਾਸ, ਪਰੰਪਰਾਵਾਂ ਅਤੇ ਯੋਗਦਾਨਾਂ ਬਾਰੇ ਸਾਡੀ ਸਮਝ ਅਤੇ ਮਾਨਤਾ ਨੂੰ ਪਹਿਲਾਂ ਤੋਂ ਕਿਤੇ ਵੱਧ ਵਧਾਉਣ ਦਾ ਵਧੀਆ ਮੌਕਾ ਹਨ। ਅਸੀਂ ਜਸ਼ਨ ਦੇ ਇਸ ਨੈਸ਼ਨਲ ਡੇ (National Day) ਦੇ ਮੌਕੇ 'ਤੇ ਬ੍ਰੈਂਪਟਨ ਦੇ ਗਾਰਡਨ ਸਕਵੇਅਰ (Garden Square) ਵਿੱਚ ਇਹਨਾਂ ਕਹਾਣੀਆਂ ਨੂੰ ਸਾਂਝਾ ਕਰਨ ਅਤੇ ਇਹਨਾਂ ਬਾਰੇ ਜਾਣਨ ਲਈ ਉਤਸ਼ਾਹਿਤ ਹਾਂ।"

- *ਮੇਅਰ ਲਿੰਡਾ ਜੈਫਰੀ (Linda Jeffrey)*

**ਵੇਰਵੇ:**

ਨੈਸ਼ਨਲ ਇੰਡੀਜੀਨਸ ਪੀਪਲਸ ਡੇ ਇੱਕ ਮੁਫ਼ਤ ਭਾਈਚਾਰਕ ਕਾਰਜਕਰਮ ਹੈ, ਜੋ 21 ਜੂਨ ਨੂੰ ਹੋਵੇਗਾ, ਜਿਸਦੇ ਪ੍ਰੋਗਰਾਮ ਦੁਪਹਿਰ ਬਾਅਦ 12:30 ਤੋਂ 1:30 ਵਜੇ ਤੱਕ ਅਤੇ ਸ਼ਾਮ 6:30 ਤੋਂ 8:30 ਵਜੇ ਤੱਕ ਹੋਣਗੇ। ਨੈਸ਼ਨਲ ਇੰਡੀਜੀਨਸ ਪੀਪਲਸ ਡੇ ਬਾਰੇ ਹੋਰ ਜਾਣਨ ਲਈ ਅਤੇ ਗਾਰਡਨ ਸਕਵੇਅਰ ਦੇ ਪ੍ਰੋਗਰਾਮਾਂ ਦੇ ਪੂਰੇ ਵੇਰਵਿਆਂ ਲਈ, brampton.ca/gardensquare 'ਤੇ ਜਾਓ।

ਪੀਲ ਅਬਓਰਿਜਿਨਲ ਨੈੱਟਵਰਕ ਇੱਕ ਸੁਦੇਸ਼ੀ ਫ੍ਰੈਂਡਸ਼ਿਪ ਸੈਂਟਰ (Friendship Centre) ਹੈ, ਜੋ ਰੀਜਨ ਆਫ ਪੀਲ (Region of Peel) ਵਿੱਚ ਅਬਓਰਿਜਿਨਲ ਭਾਈਚਾਰੇ ਨੂੰ ਸਹਿਯੋਗ ਦੇਣ ਲਈ ਵਚਨਬੱਧ ਹੈ। ਇਹ ਸੁਦੇਸ਼ੀ ਫ੍ਰੈਂਡਸ਼ਿਪ ਸੈਂਟਰਾਂ ਦੀ ਓਨਟੈਰੀਓ ਫੈਡਰੇਸ਼ਨ (Ontario Federation) ਦਾ ਮੈਂਬਰ ਹੈ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।